# ਸਦਨ ਵਿੱਚ ਤੁਹਾਨੂੰ ਜੀਅ ਆਇਆਂ ਨੂੰ



LEGISLATIVE ASSEMBLY
*of* BRITISH COLUMBIA



# ਸਦਨ ਵਿੱਚ ਤੁਹਾਨੂੰ ਜੀਅ ਆਇਆਂ ਨੂੰ

## ਤਤਕਰਾ


**ਸਾਡੀ ਸੰਸਦੀ ਪ੍ਰਣਾਲੀ** 2
- ਦਿ ਕਰਾਊਨ
- ਸਰਕਾਰ
- ਵਿਰੋਧੀ ਧਿਰ

**ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ** 5
- ਵਿਧਾਨ ਸਭਾ
- ਸਦਨ ਦੇ ਅਫ਼ਸਰ
  - ਸਪੀਕਰ
  - ਹਾਊਸ ਦਾ ਕਲਰਕ
  - ਸਾਰਜੈਂਟ-ਐਟ-ਆਰਮਜ਼

**ਸਦਨ ਵਿੱਚ ਇੱਕ ਦਿਨ** 7
- ਉਦਘਾਟਨੀ ਸਮਾਰੋਹ
- ਰੁਟੀਨ ਕੰਮ-ਕਾਜ

**ਬਿੱਲ ਕਾਨੂੰਨ ਕਿਵੇਂ ਬਣਦਾ ਹੈ** 11
- ਬਿੱਲ
- ਪਹਿਲੀ ਰੀਡਿੰਗ
- ਦੂਜੀ ਰੀਡਿੰਗ
- ਪੂਰੇ ਸਦਨ ਦੀ ਕਮੇਟੀ
- ਤੀਜੀ ਰੀਡਿੰਗ
- ਸ਼ਾਹੀ ਪ੍ਰਵਾਨਗੀ
- ਘੋਸ਼ਣਾ

**ਵਿਧਾਨ ਸਭਾ ਦਾ ਦੌਰਾ ਕਰਨਾ** 13


### ਵਿਕਟੋਰੀਆ ਵਿੱਚ

*ਸੰਨ 1898 ਵਿੱਚ ਖੋਲ੍ਹੀਆਂ ਗਈਆਂ, ਬ੍ਰਿਟਿਸ਼ ਕੋਲੰਬੀਆ ਦੀਆਂ ਸ਼ਾਨਦਾਰ ਅਤੇ ਇਤਿਹਾਸਕ ਪਾਰਲੀਮੈਂਟ ਇਮਾਰਤਾਂ ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਦੇ ਕੇਂਦਰ ਵਿੱਚ ਸਥਿਤ ਹਨ।*

*ਸੰਸਦ ਭਵਨ ਅਤੇ ਆਸ-ਪਾਸ ਦੇ ਖੇਤਰ ਲੈਕਵੰਗਨ (ਜਿਸ ਨੂੰ ਲੈ-ਕਵੰਗ-ਅਨ ਉਚਾਰਿਆ ਜਾਂਦਾ ਹੈ) ਦੇ ਰਵਾਇਤੀ ਖੇਤਰਾਂ ਵਿੱਚ ਸਥਿਤ ਹਨ। ਹੁਣ ਇਨ੍ਹਾਂ ਨੂੰ ਸੌਂਗੀਜ਼ ਅਤੇ ਐਸਕੁਆਮਾਲਟ ਫਸਟ ਨੇਸ਼ਨਜ਼ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਇਨ੍ਹਾਂ ਕੋਸਟ ਸੇਲਿਸ਼ ਲੋਕਾਂ ਦਾ ਇੱਕ ਅਮੀਰ ਸੱਭਿਆਚਾਰ ਅਤੇ ਇਤਿਹਾਸ ਹਜ਼ਾਰਾਂ ਸਾਲ ਪਹਿਲਾਂ ਦਾ ਹੈ।*

*ਇਨ੍ਹਾਂ ਇਮਾਰਤਾਂ ਵਿੱਚ, ਸਾਡੇ ਚੁਣੇ ਹੋਏ ਪ੍ਰਤੀਨਿਧੀ – ਜਿਨ੍ਹਾਂ ਨੂੰ ਵਿਧਾਨ ਸਭਾ ਦੇ ਮੈਂਬਰ ਜਾਂ ਵਿਧਾਇਕ (ਐੱਮ.ਐੱਲ.ਏ.) ਕਿਹਾ ਜਾਂਦਾ ਹੈ – ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਉੱਪਰ ਸਾਸ਼ਨ ਕਰਨ ਵਾਲੇ ਕਾਨੂੰਨਾਂ ਬਾਰੇ ਬਹਿਸ ਕਰਕੇ ਅਤੇ ਉਨ੍ਹਾਂ ਨੂੰ ਪਾਸ ਕਰ ਕੇ ਸਾਡੇ ਸੂਬੇ ਦਾ ਭਵਿੱਖ ਸਿਰਜਣ ਲਈ ਮਿਲਦੇ ਹਨ।*

## ਜ਼ਿੰਮੇਵਾਰੀ ਦੀ ਵੰਡ

*ਕੈਨੇਡੀਅਨ ਸੰਵਿਧਾਨ ਇਹ ਤੈਅ ਕਰਦਾ ਹੈ ਕਿ ਕੈਨੇਡਾ ਦੀ ਫੈਡਰਲ ਸਰਕਾਰ ਅਤੇ ਕੈਨੇਡਾ ਦੇ ਸੂਬਿਆਂ ਅਤੇ ਟੈਰੀਟੋਰੀਆਂ ਦੀਆਂ ਸਰਕਾਰਾਂ ਵਿਚਕਾਰ ਜ਼ਿੰਮੇਵਾਰੀਆਂ ਕਿਵੇਂ ਵੰਡੀਆਂ ਜਾਂਦੀਆਂ ਹਨ।*

*ਆਮ ਤੌਰ 'ਤੇ, ਫੈਡਰਲ ਸਰਕਾਰ ਕਾਨੂੰਨ ਪਾਸ ਕਰਦੀ ਹੈ ਅਤੇ ਨੀਤੀਆਂ ਅਤੇ ਸਰਗਰਮੀਆਂ ਵਾਸਤੇ ਵੱਡੀ ਜ਼ਿੰਮੇਵਾਰੀ ਲੈਂਦੀ ਹੈ – ਜਿਵੇਂ ਕਿ ਕੌਮੀ ਰੱਖਿਆ ਅਤੇ ਨਾਗਰਿਕਤਾ – ਜੋ ਸਾਰੇ ਕੈਨੇਡਾ ਨੂੰ ਪ੍ਰਭਾਵਿਤ ਕਰਦੀਆਂ ਹਨ। ਸੂਬਾਈ ਅਤੇ ਖੇਤਰੀ ਸਰਕਾਰਾਂ ਅਜਿਹੀਆਂ ਸਰਗਰਮੀਆਂ ਦੀ ਦੇਖਭਾਲ ਕਰਦੀਆਂ ਹਨ ਜਿਵੇਂ ਕਿ ਸਿੱਖਿਆ, ਸਿਹਤ ਸੰਭਾਲ ਅਤੇ ਰਾਜਮਾਰਗ, ਅਤੇ ਅਜਿਹੇ ਕਾਨੂੰਨ ਪਾਸ ਕਰਦੀਆਂ ਹਨ ਜੋ ਕੇਵਲ ਉਨ੍ਹਾਂ ਦੇ ਸੂਬੇ ਜਾਂ ਟੈਰੀਟੋਰੀ ਦੇ ਲੋਕਾਂ ਨੂੰ ਹੀ ਪ੍ਰਭਾਵਿਤ ਕਰਦੇ ਹਨ।*

*ਸਰਕਾਰ ਦਾ ਤੀਜਾ ਪੱਧਰ – ਮਿਊਨਿਸਪਲ – ਪੁਲਿਸ, ਅੱਗ ਬੁਝਾਊ ਮਹਿਕਮੇ, ਬਰਫ਼ ਹਟਾਉਣ ਅਤੇ ਰੀਸਾਇਕਲਿੰਗ ਪ੍ਰੋਗਰਾਮਾਂ ਜਿਹੇ ਕੰਮਾਂ ਅਤੇ ਅਜਿਹੇ ਕਾਨੂੰਨਾਂ (ਜਿਨ੍ਹਾਂ ਨੂੰ ਬਾਇਲਾਅ ਭਾਵ ਉਪ-ਕਾਨੂੰਨ ਕਿਹਾ ਜਾਂਦਾ ਹੈ) ਨੂੰ ਪਾਸ ਕਰਨ ਲਈ ਜ਼ਿੰਮੇਵਾਰ ਹੈ ਜੋ ਸ਼ਹਿਰਾਂ ਅਤੇ ਸਥਾਨਕ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਦੇ ਹਨ।*

# ਸਾਡੀ ਸੰਸਦੀ ਪ੍ਰਣਾਲੀ

### ਦਿ ਕਰਾਊਨ

ਕੈਨੇਡਾ ਸੰਸਦੀ ਪ੍ਰਬੰਧਨ ਵਾਲੀ ਇੱਕ ਸੰਵਿਧਾਨਕ ਰਾਜਸ਼ਾਹੀ ਹੈ ਜਿਸ ਦੀ ਸਰਕਾਰੀ ਪ੍ਰਣਾਲੀ ਬਰਤਾਨੀਆ ਦੀ ਲਗਭਗ 800 ਸਾਲ ਪੁਰਾਣੇ ਅਤੇ ਸਤਿਕਾਰਯੋਗ ਇਤਿਹਾਸ ਵਾਲੀ ਸਰਕਾਰੀ ਪ੍ਰਣਾਲੀ 'ਤੇ ਅਧਾਰਤ ਹੈ। ਮਹਾਰਾਣੀ ਐਲਿਜ਼ਾਬੈੱਥ ਦੂਜੀ ਕੈਨੇਡਾ ਦੀ ਮੁਖੀ ਹੈ। ਬੀ.ਸੀ. ਵਿੱਚ ਮਾਹਰਾਣੀ ਦੀ ਪ੍ਰਤੀਨਿਧਤਾ ਲੈਫਟੀਨੈਂਟ ਗਵਰਨਰ ਦੁਆਰਾ ਕੀਤੀ ਜਾਂਦੀ ਹੈ। ਲੈਫਟੀਨੈਂਟ ਗਵਰਨਰ ਵੱਲੋਂ ਨਵੇਂ ਵਿਧਾਨ ਸਭਾ ਸੈਸ਼ਨ ਦੀ ਸ਼ੁਰੂਆਤ ਵਿੱਚ ਸਿੰਘਾਸਨ ਤੋਂ ਭਾਸ਼ਣ ਪੜ੍ਹਿਆ ਜਾਂਦਾ ਹੈ, ਬਿੱਲਾਂ ਨੂੰ ਸ਼ਾਹੀ ਪ੍ਰਵਾਨਗੀ ਦਿੱਤੀ ਜਾਂਦੀ ਹੈ (ਮਤਲਬ ਕਿ ਉਹ ਬਿੱਲ ਫ਼ਿਰ ਕਾਨੂੰਨ ਬਣ ਸਕਦੇ ਹਨ), ਅਤੇ ਚੋਣਾਂ ਤੋਂ ਪਹਿਲਾਂ ਵਿਧਾਨ ਸਭਾ ਨੂੰ ਭੰਗ ਕੀਤਾ ਜਾਂਦਾ ਹੈ।

### ਸਰਕਾਰ

ਬੀ.ਸੀ. ਨੂੰ 87 ਚੋਣ ਖੇਤਰਾਂ ਜਾਂ ਰਾਈਡਿੰਗਾਂ ਵਿੱਚ ਵੰਡਿਆ ਗਿਆ ਹੈ। ਹਰ ਚੋਣ ਖੇਤਰ ਵਿੱਚ ਰਹਿੰਦੇ ਲੋਕਾਂ ਤਰਫ਼ੋਂ ਬੋਲਣ ਲਈ ਹਰ ਚੋਣ ਖੇਤਰ ਵਿੱਚੋਂ ਇੱਕ ਵਿਧਾਇਕ ਨੂੰ ਚੁਣਿਆ ਜਾਂਦਾ ਹੈ।

ਜਿਸ ਸਿਆਸੀ ਪਾਰਟੀ ਨੂੰ ਬਹੁਮਤ ਵਿਧਾਇਕਾਂ ਦਾ ਸਮਰਥਨ ਮਿਲਦਾ ਹੈ, ਉਹ ਸੱਤਾਧਾਰੀ ਪਾਰਟੀ ਬਣ ਜਾਂਦੀ ਹੈ। ਇਸ ਦਾ ਨੇਤਾ ਸੂਬਾਈ ਸਰਕਾਰ ਦਾ ਮੁਖੀ ਬਣ ਜਾਂਦਾ ਹੈ ਅਤੇ ਉਸ ਨੂੰ ਪ੍ਰੀਮੀਅਰ ਵਜੋਂ ਜਾਣਿਆ ਜਾਂਦਾ ਹੈ।

ਪ੍ਰੀਮੀਅਰ ਵੱਲੋਂ ਆਪਣੀ ਪਾਰਟੀ ਵਿੱਚੋਂ ਵਿਧਾਇਕਾਂ ਦੇ ਇੱਕ ਛੋਟੇ ਜਿਹੇ ਗਰੁੱਪ ਨੂੰ ਕਰਾਊਨ ਦੇ ਮੰਤਰੀਆਂ ਵਜੋਂ ਕੰਮ ਕਰਨ ਲਈ ਚੁਣਿਆ ਜਾਂਦਾ ਹੈ। ਇਹ ਮੰਤਰੀ ਸਰਕਾਰੀ ਮੰਤਰਾਲਿਆਂ (ਜਿਵੇਂ ਕਿ ਸਿਹਤ ਮੰਤਰਾਲਾ ਜਾਂ ਵਿੱਤ ਮੰਤਰਾਲਾ) ਦੀਆਂ ਰੋਜ਼ਾਨਾ ਗਤੀਵਿਧੀਆਂ ਦੇ ਇੰਚਾਰਜ ਹੁੰਦੇ ਹਨ ਅਤੇ ਨਵੇਂ ਕਾਨੂੰਨ ਤਜਵੀਜ਼ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ।

ਪ੍ਰੀਮੀਅਰ ਅਤੇ ਮੰਤਰੀ ਇਕੱਠੇ ਕਾਰਜਕਾਰੀ ਪਰਿਸ਼ਦ ਜਾਂ ਕੈਬਨਿਟ ਦਾ ਕੰਮ ਕਰਦੇ ਹਨ। ਕੈਬਨਿਟ ਮੰਤਰੀ ਵਿਧਾਨ ਸਭਾ ਨੂੰ ਸਿੱਧੇ ਤੌਰ 'ਤੇ ਜਵਾਬਦੇਹ ਹੁੰਦੇ ਹਨ ਅਤੇ ਉਨ੍ਹਾਂ ਵਾਸਤੇ ਚੁਣੇ ਹੋਏ ਮੈਂਬਰਾਂ ਵਿੱਚੋਂ ਬਹੁ-ਗਿਣਤੀ ਮੈਂਬਰਾਂ ਦੇ ਵਿਸ਼ਵਾਸ ਅਤੇ ਸਮਰਥਨ ਦੇ ਪਾਤਰ ਹੋਣਾ ਲਾਜ਼ਮੀ ਹੁੰਦਾ ਹੈ।

### ਵਿਰੋਧੀ ਧਿਰ

ਵਿਰੋਧੀ ਧਿਰ ਵਿੱਚ ਚੁਣੇ ਹੋਏ ਉਹ ਮੈਂਬਰ ਹੁੰਦੇ ਹਨ ਜੋ ਸੱਤਾਧਾਰੀ ਪਾਰਟੀ ਨਾਲ ਸਬੰਧ ਨਹੀਂ ਰੱਖਦੇ। ਵਿਰੋਧੀ ਪਾਰਟੀ ਜੋ ਕਿਸੇ ਚੋਣ ਵਿੱਚ ਸਭ ਤੋਂ ਵੱਧ ਸੀਟਾਂ ਜਿੱਤਦੀ ਹੈ, ਉਹ ਅਧਿਕਾਰਤ ਵਿਰੋਧੀ ਧਿਰ ਬਣ ਜਾਂਦੀ ਹੈ, ਜਿਸ ਨੂੰ ਮਹਾਰਾਣੀ ਦੀ ਵਫ਼ਾਦਾਰ ਵਿਰੋਧੀ ਧਿਰ ਵੀ ਕਿਹਾ ਜਾਂਦਾ ਹੈ। ਇਸ ਧਿਰ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ ਅਤੇ ਇਹ ਲੰਮੇ ਸਮੇਂ ਤੋਂ ਸਥਾਪਤ ਪਰੰਪਰਾ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੀ ਹੈ। ਇਹ ਵਿਧਾਨ ਸਭਾ ਵਿੱਚ ਇੱਕ ਮਹੱਤਵਪੂਰਨ ਅਹੁਦਾ ਰੱਖਦੀ ਹੈ ਅਤੇ ਕੈਬਨਿਟ ਦੀ ਨਿਗਰਾਨੀ ਕਰ ਕੇ ਅਤੇ ਸਰਕਾਰ ਨੂੰ ਵਧੀਆ ਯੋਜਨਾਬੱਧ ਅਤੇ ਉਚਿਤ ਫੈਸਲੇ ਲੈਣ ਲਈ ਉਤਸ਼ਾਹਿਤ ਕਰ ਕੇ ਸੰਸਦ ਦੀ ਸਮੁੱਚੀ ਪ੍ਰਭਾਵਸ਼ੀਲਤਾ ਵਿੱਚ ਯੋਗਦਾਨ ਪਾਉਂਦੀ ਹੈ।

ਸਰਕਾਰੀ ਵਿਰੋਧੀ ਧਿਰ ਦੀ ਮੁੱਖ ਭੂਮਿਕਾ, ਅਤੇ ਨਾਲ ਹੀ ਹੋਰ ਛੋਟੀਆਂ ਵਿਰੋਧੀ ਪਾਰਟੀਆਂ ਅਤੇ ਆਜ਼ਾਦ ਵਿਧਾਇਕਾਂ ਦੀ ਭੂਮਿਕਾ ਸਰਕਾਰ ਦੀਆਂ ਕਾਰਵਾਈਆਂ 'ਤੇ ਸਵਾਲ ਕਰਨਾ ਅਤੇ ਮੌਜੂਦਾ ਸਰਕਾਰੀ ਨੀਤੀਆਂ ਦੇ ਬਦਲ ਪੇਸ਼ ਕਰਨਾ ਹੈ।

## ਸ਼ੈਡੋ ਕੈਬਨਿਟ

*ਵਿਰੋਧੀ ਧਿਰ ਦੇ ਨੇਤਾ ਵੱਲੋਂ ਆਮ ਤੌਰ 'ਤੇ "ਸ਼ੈਡੋ ਕੈਬਨਿਟ" ਦਾ ਗਠਨ ਕੀਤਾ ਜਾਂਦਾ ਹੈ – ਇਸ ਵਿੱਚ ਵਿਰੋਧੀ ਧਿਰ ਦੇ ਮੈਂਬਰ ਨਿਯੁਕਤ ਕੀਤੇ ਜਾਂਦੇ ਹਨ ਤਾਂ ਕਿ ਉਹ ਵਿਸ਼ੇਸ਼ ਮੰਤਰਾਲਿਆਂ ਦੀ ਬਹੁਤ ਨੇੜਿਉਂ ਨਿਗਰਾਨੀ ਕਰਨ ਅਤੇ ਮੰਤਰਾਲਿਆਂ ਦੀਆਂ ਯੋਜਨਾਵਾਂ ਅਤੇ ਗਤੀਵਿਧੀਆਂ ਸੰਬੰਧੀ ਬਹਿਸਾਂ ਦੌਰਾਨ ਵਿਰੋਧੀ ਧਿਰ ਦਾ ਨਜ਼ਰੀਆ ਉਭਾਰਨ।*



## ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ

### ਵਿਧਾਨ ਸਭਾ

ਵਿਧਾਨ ਸਭਾ ਵਿੱਚ ਲੈਫ਼ਟੀਨੈਂਟ ਗਵਰਨਰ ਅਤੇ ਸਰਕਾਰ ਅਤੇ ਵਿਰੋਧੀ ਧਿਰ ਦੇ ਸਾਰੇ ਵਿਧਾਇਕਾਂ ਸ਼ਾਮਲ ਹੁੰਦੇ ਹਨ। ਬੀ.ਸੀ. ਦੀ ਵਿਧਾਨ ਸਭਾ ਦਾ ਪ੍ਰਮੁੱਖ ਕੰਮ ਕਾਨੂੰਨ ਬਣਾਉਣਾ ਹੈ।

ਜਦੋਂ ਸਦਨ ਦਾ ਸੈਸ਼ਨ ਚੱਲ ਰਿਹਾ ਹੁੰਦਾ ਹੈ, ਤਾਂ ਵਿਧਾਇਕ ਉਨ੍ਹਾਂ ਦੇ ਸਨਮੁਖ ਰੱਖੇ ਜਾਣ ਵਾਲੇ ਹਰ ਮਤੇ ਦਾ ਅਧਿਐਨ ਕਰਨ ਅਤੇ ਉਨ੍ਹਾਂ ਬਾਰੇ ਬਹਿਸ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਹਰੇਕ ਮਤੇ ਦੇ ਹੱਕ ਅਤੇ ਵਿਰੋਧ ਵਿੱਚ ਦਲੀਲਾਂ ਦੀ ਪੜਚੋਲ ਕਰਨਾ ਅਤੇ ਇਸ ਨੂੰ ਸਮਰਥਨ ਦੇਣ ਜਾਂ ਅਸਵੀਕਾਰ ਕਰਨ ਦਾ ਫੈਸਲਾ ਕਰਨ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੇ ਵਿਚਾਰਾਂ ਅਤੇ ਸ਼ੰਕਿਆਂ 'ਤੇ ਵਿਚਾਰ ਕਰਨਾ ਉਨ੍ਹਾਂ ਦਾ ਕੰਮ ਹੈ।

ਜੇ ਜ਼ਿਆਦਾਤਰ ਵਿਧਾਇਕ ਕਿਸੇ ਮਤੇ ਦਾ ਸਮਰਥਨ ਕਰਦੇ ਹਨ, ਤਾਂ ਇਹ ਅੰਤ ਵਿੱਚ ਵਿਧਾਨ ਸਭਾ ਦਾ ਐਕਟ ਬਣ ਜਾਵੇਗਾ, ਜਿਸ ਨੂੰ ਕਿ ਆਮ ਤੌਰ 'ਤੇ ਕਾਨੂੰਨ ਵਜੋਂ ਜਾਣਿਆ ਜਾਂਦਾ ਹੈ।

ਕੈਬਨਿਟ ਮੰਤਰੀਆਂ ਅਤੇ ਉਨ੍ਹਾਂ ਦੇ ਮੰਤਰਾਲਿਆਂ ਦੀਆਂ ਗਤੀਵਿਧੀਆਂ ਦੀ ਪੜਚੋਲ ਕਰਨੀ ਵੀ ਵਿਧਾਇਕ ਦਾ ਕੰਮ ਹੈ। ਉਹ ਟੈਕਸਾਂ ਨੂੰ ਮਨਜ਼ੂਰੀ ਦੇਣ ਅਤੇ "ਅੰਦਾਜ਼ਿਆਂ" - ਹਰ ਬਸੰਤ ਰੁੱਤ ਵਿੱਚ ਸਰਕਾਰੀ ਮੰਤਰਾਲਿਆਂ ਵੱਲੋਂ ਪ੍ਰੋਗਰਾਮਾਂ ਵਾਸਤੇ ਫੰਡ ਦੇਣ ਅਤੇ ਆਉਣ ਵਾਲੇ ਸਾਲ ਵਾਸਤੇ ਸਟਾਫ਼ ਨੂੰ ਤਨਖਾਹ ਦੇਣ ਲਈ ਬੇਨਤੀ ਕੀਤੀ ਰਕਮ - 'ਤੇ ਬਹਿਸ ਕਰਨ ਅਤੇ ਵੋਟ ਪਾਉਣ ਲਈ ਵੀ ਜ਼ਿੰਮੇਵਾਰ ਹਨ। ਇਸ ਨੂੰ ਸਪਲਾਈ ਦੇਣਾ ਕਿਹਾ ਜਾਂਦਾ ਹੈ।

**ਵਿਧਾਨ ਸਭਾ ਦਾ ਕੰਮ**

- ਸਵਾਲ ਪੁੱਛਣੇ
- ਕਾਨੂੰਨ ਬਣਾਉਣੇ
- ਵਿੱਤੀ ਮਨਜ਼ੂਰੀ ਦੇਣੀ

### ਸਦਨ ਦੇ ਅਫ਼ਸਰ

– **ਸਪੀਕਰ** ਉਹ ਵਿਧਾਇਕ ਹੁੰਦਾ ਹੈ ਜਿਸ ਨੂੰ ਵਿਧਾਨ ਸਭਾ ਦੇ ਹੋਰ ਮੈਂਬਰ ਬਹਿਸਾਂ ਦੀ ਨਿਗਰਾਨੀ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਚੁਣਦੇ ਹਨ ਤਾਂ ਕਿ ਸਦਨ ਵਿੱਚ ਵਿਵਹਾਰ ਅਤੇ ਸੰਸਦੀ ਪ੍ਰਕਿਰਿਆ ਦੇ ਸਥਾਪਿਤ ਨਿਯਮਾਂ ਦੀ ਪਾਲਣਾ ਹੋਵੇ। ਸਪੀਕਰ ਨਿਰਪੱਖ ਹੁੰਦਾ ਹੈ ਅਤੇ ਕੇਵਲ ਉਦੋਂ ਵੋਟ ਪਾਉਂਦਾ ਹੈ ਜਦੋਂ ਕਿਸੇ ਮੁੱਦੇ 'ਤੇ ਹਾਂ-ਪੱਖੀ ਅਤੇ ਨਾਂਹ-ਪੱਖੀ ਵੋਟਾਂ ਦੀ ਗਿਣਤੀ ਬਰਾਬਰ ਹੋਵੇ (ਟਾਈ ਤੋੜਨ ਲਈ)।

ਸਪੀਕਰ ਸਾਰੇ ਰਸਮੀ ਮੌਕਿਆਂ 'ਤੇ ਸਦਨ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਵਿਧਾਨ ਸਭਾ ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਰੋਜ਼ਾਨਾ ਦੇ ਕੰਮਾਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ।

### ਸੰਖੇਪ ਇਤਿਹਾਸ

*ਸਪੀਕਰ ਸੰਨ 1377 ਤੋਂ ਬਰਤਾਨਵੀ ਸੰਸਦੀ ਪ੍ਰਣਾਲੀ ਦਾ ਹਿੱਸਾ ਹੈ।*

*ਸ਼ੁਰੂ ਵਿੱਚ, ਸਪੀਕਰ ਸੰਸਦ ਤੋਂ ਸੁਨੇਹੇ - ਅਕਸਰ ਸ਼ਿਕਾਇਤਾਂ ਜਾਂ ਸ਼ਿਕਵੇ - ਬਾਦਸ਼ਾਹ ਜਾਂ ਰਾਣੀ ਕੋਲ ਲੈ ਕੇ ਜਾਣ ਲਈ ਜ਼ਿੰਮੇਵਾਰ ਹੁੰਦਾ ਸੀ। ਕਈ ਵਾਰ ਬਾਦਸ਼ਾਹ ਸੁਨੇਹੇ ਸੁਣ ਕੇ ਨਾਖੁਸ਼ ਹੁੰਦਾ ਜਿਸ ਕਾਰਣ ਨੌਂ ਸਪੀਕਰਾਂ ਨੂੰ ਹਿੰਸਕ ਢੰਗ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ।*

*ਇਹ ਖ਼ੂਨੀ ਅਤੇ ਖ਼ਤਰਨਾਕ ਅਤੀਤ ਇਹ ਵਰਣਨ ਕਰਦਾ ਹੈ ਕਿ ਅੱਜ ਚੁਣੇ ਗਏ ਸਪੀਕਰ ਅੱਜ ਵੀ ਸਪੀਕਰ ਦੀ ਕੁਰਸੀ ਲੈਣ ਤੋਂ ਝਿਜਕਣ ਦਾ ਨਾਟਕ ਕਿਉਂ ਕਰਦੇ ਹਨ ਜਿਸ ਕਾਰਣ ਉਨ੍ਹਾਂ ਦੇ ਸਾਥੀ ਉਨ੍ਹਾਂ ਨੂੰ ਵਿਧਾਨ ਸਭਾ ਚੈਂਬਰ ਦੇ ਸਾਹਮਣੇ ਜ਼ਬਰਦਸਤੀ ਲੈ ਕੇ ਜਾਂਦੇ ਹਨ।*

– **ਸਦਨ ਦਾ ਕਲਰਕ** ਵਿਧਾਨ ਸਭਾ ਦਾ ਸੀਨੀਅਰ ਸਥਾਈ ਅਧਿਕਾਰੀ ਹੁੰਦਾ ਹੈ। ਕਲਰਕ, ਜਿਸ ਨੂੰ ਕਈ ਸਹਾਇਕ ਕਲਰਕ ਸਹਾਇਤਾ ਪ੍ਰਦਾਨ ਕਰਦੇ ਹਨ, ਸਾਰੇ ਸਰਕਾਰੀ ਸਦਨ ਦੇ ਦਸਤਾਵੇਜ਼ਾਂ ਨੂੰ ਸਾਂਭ ਕੇ ਰੱਖਦਾ ਹੈ, ਸਪੀਕਰ ਅਤੇ ਸਾਰੇ ਵਿਧਾਇਕਾਂ ਨੂੰ ਸੰਸਦੀ ਪ੍ਰਕਿਰਿਆ ਬਾਰੇ ਸਲਾਹ ਦਿੰਦਾ ਹੈ, ਅਤੇ ਸਪੀਕਰ ਦੀ ਤਰਫ਼ੋਂ ਵਿਧਾਨ ਸਭਾ ਦੇ ਵੱਖ-ਵੱਖ ਵਿਭਾਗਾਂ ਦਾ ਪ੍ਰਬੰਧ ਕਰਦਾ ਹੈ। ਸਦਨ ਦਾ ਕਲਰਕ ਪੱਖਪਾਤੀ ਨਹੀਂ ਹੁੰਦਾ, ਜਿਸ ਦਾ ਕਿਸੇ ਵੀ ਸਿਆਸੀ ਧਿਰ ਪ੍ਰਤੀ ਜਾਂ ਵਿਰੋਧ ਵਿੱਚ ਕੋਈ ਝੁਕਾਅ ਨਹੀਂ ਹੁੰਦਾ।

– **ਸਾਰਜੈਂਟ-ਐਟ-ਆਰਮਜ਼** ਸਪੀਕਰ ਦੇ ਹੁਕਮਾਂ ਨੂੰ ਲਾਗੂ ਕਰਨ, ਵਿਧਾਨ ਸਭਾ ਦੇ ਚੈਂਬਰ ਅਤੇ ਆਸ-ਪਾਸ ਦੀਆਂ ਇਮਾਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੁੰਦਾ ਹੈ। ਸਾਰਜੈਂਟ-ਐਟ-ਆਰਮਜ਼ ਸਦਨ ਦੇ ਅੰਦਰ ਸਪੀਕਰ ਦੀ ਅਥਾਰਟੀ ਦੇ ਪ੍ਰਤੀਕ ਵਜੋਂ ਇੱਕ ਰਸਮੀ ਛੜੀ ਦੀ ਸੰਭਾਲ ਅਤੇ ਹਵਾਲਗੀ ਲਈ ਜ਼ਿੰਮੇਵਾਰ ਹੈ ਜਿਸ ਨੂੰ ਕਿ 'ਮੇਸ' ਕਿਹਾ ਜਾਂਦਾ ਹੈ – ਇਹ ਛੜੀ ਸਦਨ ਵਿੱਚ ਸਪੀਕਰ ਦੇ ਦਬਦਬੇ ਦਾ ਪ੍ਰਤੀਕ ਹੁੰਦੀ ਹੈ।

### ਕੀ ਤੁਸੀਂ ਜਾਣਦੇ ਹੋ...

*'ਮੇਸ' ਦੀ ਕਾਢ ਮੱਧ ਯੁੱਗ ਵਿੱਚ ਕੱਢੀ ਗਈ ਸੀ ਅਤੇ ਕਿਸੇ ਸਮੇਂ ਇਹ ਇੱਕ ਭਿਆਨਕ ਅਤੇ ਬੇਹੱਦ ਪ੍ਰਭਾਵਸ਼ਾਲੀ ਹਥਿਆਰ ਹੁੰਦੀ ਸੀ। ਕਈ ਸਦੀਆਂ ਪਹਿਲਾਂ ਬ੍ਰਿਟੇਨ ਵਿੱਚ ਸਾਰਜੈਂਟ-ਐਟ-ਆਰਮਜ਼ ਵੱਲੋਂ ਸਪੀਕਰ ਨੂੰ ਸੰਸਦ ਦੇ ਵਧੇਰੇ ਉਤੇਜਿਤ ਮੈਂਬਰਾਂ ਤੋਂ ਬਚਾਉਣ ਲਈ 'ਮੇਸ' ਦੀ ਵਰਤੋਂ ਕੀਤੀ ਜਾਂਦੀ ਸੀ।*

*ਪਰ ਅੱਜ, ਇਸ ਨੂੰ ਸ਼ਾਂਤਮਈ ਅਤੇ ਨਿਰੋਲ ਪ੍ਰਤੀਕਾਤਮਕ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ - ਸਦਨ ਉਦੋਂ ਤਕ ਨਹੀਂ ਮਿਲ ਸਕਦਾ ਜਦੋਂ ਤਕ ਕਿ 'ਮੇਸ' ਕਲਰਕ ਦੀ ਮੇਜ਼ 'ਤੇ ਨਹੀਂ ਆ ਜਾਂਦੀ।*

*ਮੌਜੂਦਾ ਸਮੇਂ ਵਰਤੀ ਜਾਣ ਵਾਲੀ 'ਮੇਸ' 1871 ਵਿੱਚ ਬੀ.ਸੀ. ਦੇ ਕੈਨੇਡਾ ਦਾ ਸੂਬਾ ਬਣਨ ਤੋਂ ਬਾਅਦ ਵਰਤੀ ਜਾਣ ਵਾਲੀ ਤੀਜੀ 'ਮੇਸ' ਹੈ। ਇਹ ਪੂਰੀ ਤਰ੍ਹਾਂ ਵਿਕਟੋਰੀਆ ਦੇ ਚਾਂਦੀਘਾੜਿਆਂ ਜੈਫਰੀਜ਼ ਐਂਡ ਕੰਪਨੀ ਦੁਆਰਾ ਬੀ.ਸੀ. ਵਿੱਚੋਂ ਬਰਾਮਦ ਕੀਤੀ ਚਾਂਦੀ ਤੋਂ ਬਣਾਈ ਗਈ ਸੀ। ਇਸ ਮੇਸ ਉੱਪਰ 24 ਕੈਰਟ ਸੋਨੇ ਦੀ ਪਰਤ ਚੜ੍ਹਾਈ ਹੋਈ ਹੈ ਅਤੇ ਇਸ ਦਾ ਵਜ਼ਨ 11 ਪੌਂਡ ਹੈ।*

## ਸਦਨ ਵਿੱਚ ਇੱਕ ਦਿਨ

### ਉਦਘਾਟਨ ਸਮਾਰੋਹ

ਹਰ ਦਿਨ ਦੀ ਸ਼ੁਰੂਆਤ ਵਿੱਚ, ਸਪੀਕਰ, ਜਿਸ ਨੇ ਕਾਲੇ ਰੇਸ਼ਮੀ ਕੱਪੜੇ ਅਤੇ ਟ੍ਰਾਈਕੌਰਨ ਨਾਂ ਨਾਲ ਜਾਣੀ ਜਾਂਦੀ ਤਿੰਨ-ਖੂੰਜਿਆਂ ਵਾਲੀ ਟੋਪੀ ਪਹਿਨੀ ਹੁੰਦੀ ਹੈ, ਵਿਧਾਨ ਸਭਾ ਦੇ ਚੈਂਬਰ ਵਿੱਚ ਸਾਰਜੈਂਟ-ਐਟ-ਆਰਮਜ਼ ਦੇ ਨਾਲ ਦਾਖਲ ਹੁੰਦਾ ਹੈ, ਜਿਸ ਦੇ ਕੋਲ 'ਮੇਸ' ਹੁੰਦੀ ਹੈ। ਸਪੀਕਰ ਦੇ ਬਾਅਦ ਸਦਨ ਦਾ ਕਲਰਕ ਅਤੇ ਕਲਰਕ ਦੇ ਸਹਾਇਕ ਸਦਨ ਵਿੱਚ ਦਾਖ਼ਲ ਹੁੰਦੇ ਹਨ।

ਜਦੋਂ ਸਾਰਜੈਂਟ-ਐਟ-ਆਰਮਜ਼ ਸਪੀਕਰ ਦੀ ਕੁਰਸੀ ਦੇ ਹੇਠਾਂ, ਚੈਂਬਰ ਦੇ ਕੇਂਦਰ ਵਿੱਚ ਸਥਿਤ ਕਲਰਕ ਦੇ ਮੇਜ਼ ਉੱਪਰ 'ਮੇਸ' ਨੂੰ ਰੱਖ ਦਿੰਦਾ ਹੈ, ਉਦੋਂ ਸਦਨ ਦੀ ਬੈਠਕ ਸ਼ੁਰੂ ਹੋ ਸਕਦੀ ਹੈ।

### ਰੁਟੀਨ ਕੰਮ-ਕਾਜ

ਸਦਨ ਦੇ ਆਮ ਦਿਨ ਵਿੱਚ ਕਈ "ਰੁਟੀਨ ਕੰਮ-ਕਾਜ" ਕੀਤੇ ਜਾਂਦੇ ਹਨ। ਇਨ੍ਹਾਂ ਵਿੱਚ ਹੇਠ ਲਿਖੇ ਕੰਮ ਸ਼ਾਮਲ ਹਨ:

#### – ਮਤਿਆਂ ਬਾਰੇ ਮੁੱਢਲੀ ਜਾਣਕਾਰੀ ਦੇਣੀ

ਮਤੇ ਪ੍ਰਸਤਾਵਿਤ ਨਵੇਂ ਕਾਨੂੰਨ ਹੁੰਦੇ ਹਨ। ਵਿਧਾਇਕ ਸਦਨ ਵਿੱਚ ਅਧਿਐਨ ਅਤੇ ਬਹਿਸ ਲਈ ਮਤਿਆਂ ਬਾਰੇ ਮੁੱਢਲੀ ਜਾਣਕਾਰੀ ਦਿੰਦੇ ਹਨ।

### – ਮੈਂਬਰਾਂ ਵੱਲੋਂ ਬਿਆਨ

ਇਹ ਉਹ ਸਮਾਂ ਹੈ ਜਦੋਂ ਛੇ ਨਿੱਜੀ ਮੈਂਬਰ (ਵਿਧਾਇਕ ਜੋ ਕੈਬਨਿਟ ਵਿੱਚ ਨਹੀਂ ਹੁੰਦੇ) ਆਪਣੀ ਪਸੰਦ ਦੇ ਵਿਸ਼ਿਆਂ 'ਤੇ ਦੋ ਮਿੰਟ ਦਾ ਬਿਆਨ ਦੇ ਸਕਦੇ ਹਨ।

### – ਪ੍ਰਸ਼ਨ ਕਾਲ

ਹਰ ਸੋਮਵਾਰ ਤੋਂ ਵੀਰਵਾਰ ਤਕ 30 ਮਿੰਟ ਦੀ ਮਿਆਦ ਜਦੋਂ ਵਿਧਾਇਕ - ਖ਼ਾਸ ਕਰਕੇ ਵਿਰੋਧੀ ਧਿਰ ਦੇ ਮੈਂਬਰ - ਪ੍ਰੀਮੀਅਰ ਅਤੇ ਕੈਬਨਿਟ ਮੰਤਰੀਆਂ ਨੂੰ ਸਰਕਾਰੀ ਯੋਜਨਾਵਾਂ ਅਤੇ ਗਤੀਵਿਧੀਆਂ ਬਾਰੇ ਸਿੱਧੇ ਤੌਰ 'ਤੇ ਸਵਾਲ ਕਰਦੇ ਹਨ। ਅਕਸਰ ਗਰਮਜੋਸ਼ੀ ਅਤੇ ਸ਼ੋਰ-ਸ਼ਰਾਬੇ ਭਰਪੂਰ ਪੂਰੇ ਪ੍ਰਸ਼ਨ ਕਾਲ ਦੌਰਾਨ ਜ਼ਾਬਤਾ ਬਣਾਈ ਰੱਖਣਾ ਸਪੀਕਰ 'ਤੇ ਨਿਰਭਰ ਕਰਦਾ ਹੈ।

### ਕੀ ਤੁਸੀਂ ਜਾਣਦੇ ਹੋ...

*ਸਦੀਆਂ ਪੁਰਾਣੀ ਬਰਤਾਨਵੀ ਪਰੰਪਰਾ ਤਹਿਤ - ਜਦੋਂ ਸੰਸਦ ਮੈਂਬਰ ਆਪਣੀ ਰੋਜ਼ਾਨਾ ਦੀ ਪੁਸ਼ਾਕ ਦੇ ਹਿੱਸੇ ਵਜੋਂ ਤਲਵਾਰ ਪਹਿਨਦੇ ਸਨ - ਸਦਨ ਦੀ ਸਰਕਾਰੀ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਦੋ ਤਲਵਾਰਾਂ ਦੀ ਦੂਰੀ ਜਿੰਨੀ ਵਿੱਥ ਰੱਖੀ ਜਾਂਦੀ ਹੈ।*

*ਮੂਲ ਰੂਪ ਵਿੱਚ ਇਸ ਦਾ ਮਕਸਦ ਸੀ ਕਿ ਬਹਿਸ ਜ਼ਿਆਦਾ ਗਰਮ ਹੋ ਜਾਣ 'ਤੇ ਜੇ ਲੜਾਈ ਵਿੱਚ ਤਲਵਾਰਾਂ ਨਿਕਲ ਆਉਣ ਤਾਂ ਵਿਧਾਇਕਾਂ ਦੀ ਸਲਾਮਤੀ ਨੂੰ ਯਕੀਨੀ ਬਣਾਇਆ ਜਾ ਸਕੇ, ਪਰ ਹੁਣ ਇਹ ਦੂਰੀ ਪੂਰੀ ਤਰ੍ਹਾਂ ਪ੍ਰਤੀਕਾਤਮਕ ਹੈ।*

### – ਪਟੀਸ਼ਨਾਂ

ਵਿਧਾਇਕ ਆਪਣੇ ਹਲਕੇ ਦੇ ਲੋਕਾਂ (ਜਿਹੜੇ ਲੋਕ ਉਨ੍ਹਾਂ ਦੇ ਚੋਣ ਹਲਕੇ ਵਿੱਚ ਰਹਿੰਦੇ ਹਨ) ਵੱਲੋਂ ਸਰਕਾਰ ਨੂੰ ਕਿਸੇ ਵਿਸ਼ੇਸ਼ ਮੁੱਦੇ 'ਤੇ ਕਾਰਵਾਈ ਕਰਨ ਦੀ ਮੰਗ ਸੰਬੰਧੀ ਪਟੀਸ਼ਨਾਂ ਪੇਸ਼ ਕਰ ਸਕਦੇ ਹਨ।

### – ਸੰਸਦੀ ਕਮੇਟੀ ਰਿਪੋਰਟਾਂ

ਚੋਣਵੀਆਂ ਸਟੈਂਡਿੰਗ ਅਤੇ ਵਿਸ਼ੇਸ਼ ਕਮੇਟੀਆਂ ਨੂੰ ਵਿਧਾਨ ਸਭਾ ਦੁਆਰਾ ਸਰਕਾਰੀ ਕਾਰਵਾਈਆਂ ਜਾਂ ਕਿਸੇ ਵਿਸ਼ੇਸ਼ ਮੁੱਦੇ ਦੇ ਵਿਸ਼ੇਸ਼ ਪਹਿਲੂ ਦੀ ਜਾਂਚ ਕਰਨ ਅਤੇ ਰਿਪੋਰਟ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ। ਇੱਕ ਵਾਰ ਜਦੋਂ ਕਮੇਟੀ ਦੇ ਮੈਂਬਰ ਉਨ੍ਹਾਂ ਵੱਲੋਂ ਇਕੱਤਰ ਕੀਤੇ ਸਬੂਤਾਂ 'ਤੇ ਵਿਚਾਰ ਕਰ ਲੈਣ ਤਾਂ ਉਹ ਇੱਕ ਰਿਪੋਰਟ ਤਿਆਰ ਕਰਦੇ ਹਨ ਅਤੇ ਉਸ ਨੂੰ ਸਦਨ ਤਕ ਪਹੁੰਚਾਉਂਦੇ ਹਨ।



– **ਦਿਨ ਦੇ ਆਰਡਰ**

ਸਦਨ ਵਿੱਚ ਬਾਕੀ ਬਚੇ ਦਿਨ ਵਿੱਚ "ਦਿਨ ਦੇ ਆਰਡਰ" ਵਿਚਾਰ ਅਧੀਨ ਹੁੰਦੇ ਹਨ ਅਤੇ ਇਸ ਵਿੱਚ ਪ੍ਰਸਤਾਵਿਤ ਨਵੇਂ ਕਾਨੂੰਨ ਅਤੇ ਹੋਰ ਵਿਧਾਇਕਾਂ ਵੱਲੋਂ ਸੁਝਾਏ ਹੋਰ ਕੰਮ-ਕਾਜ (ਸਦਨ ਵਿੱਚ ਵਿਚਾਰ-ਵਟਾਂਦਰੇ ਲਈ ਪ੍ਰਸਤਾਵ ਪੇਸ਼ ਕਰਨਾ) ਸੰਬੰਧੀ ਬਹਿਸਾਂ ਅਤੇ ਵੋਟਾਂ ਸ਼ਾਮਲ ਹੋ ਸਕਦੀਆਂ ਹਨ।

### ਪ੍ਰਸਤਾਵ (ਮੋਸ਼ਨ)

*ਮੋਸ਼ਨ ਕਿਸੇ ਵਿਧਾਇਕ ਦੁਆਰਾ ਪੇਸ਼ ਕੀਤਾ ਗਿਆ ਇੱਕ ਰਸਮੀ ਪ੍ਰਸਤਾਵ ਹੁੰਦਾ ਹੈ ਜਿਸ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਸਦਨ ਕੋਈ ਵਿਸ਼ੇਸ਼ ਕਾਰਵਾਈ ਕਰੇ, ਕੁਝ ਕਰਨ ਦਾ ਆਦੇਸ਼ ਦੇਵੇ ਜਾਂ ਕਿਸੇ ਵਿਸ਼ੇਸ਼ ਵਿਸ਼ੇ 'ਤੇ ਰਾਇ ਪ੍ਰਗਟ ਕਰੇ। ਕਿਸੇ ਵਿਧਾਇਕ ਨੂੰ ਵਿਧਾਨ ਸਭਾ ਵਿੱਚ ਕਿਸੇ ਵੀ ਬਹਿਸ ਜਾਂ ਬਹਿਸ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸਤਾਵ ਰੱਖਣਾ ਚਾਹੀਦਾ ਹੈ। ਇੱਕ ਵਾਰ ਬਹਿਸ ਪੂਰੀ ਹੋ ਜਾਣ ਤੋਂ ਬਾਅਦ, ਸਦਨ ਇਸ ਮਤੇ 'ਤੇ ਵੋਟ ਪਾਵੇਗਾ।*



## ਬਿੱਲ ਕਾਨੂੰਨ ਕਿਵੇਂ ਬਣਦਾ ਹੈ

### ਬਿੱਲ

ਜ਼ਿਆਦਾਤਰ ਬਿੱਲ ਕੈਬਨਿਟ ਮੰਤਰੀਆਂ ਦੁਆਰਾ ਵਿਧਾਨ ਸਭਾ ਵਿੱਚ ਪੇਸ਼ ਕੀਤੇ ਜਾਂਦੇ ਹਨ। ਸਾਰੇ ਸੂਬੇ 'ਤੇ ਲਾਗੂ ਹੋਣ ਵਾਲੇ ਬਿੱਲਾਂ ਨੂੰ ਲੋਕ ਬਿੱਲ ਕਿਹਾ ਜਾਂਦਾ ਹੈ। ਜਿਹੜਾ ਵਿਧਾਇਕ ਕੈਬਨਿਟ ਮੰਤਰੀ ਨਹੀਂ ਹੁੰਦਾ, ਉਸ ਵੱਲੋਂ ਪੇਸ਼ ਕੀਤੇ ਬਿੱਲ ਨੂੰ ਨਿੱਜੀ ਮੈਂਬਰ ਦੇ ਹੱਥਾਂ ਵਿੱਚ ਜਨਤਕ ਬਿੱਲ ਵਜੋਂ ਜਾਣਿਆ ਜਾਂਦਾ ਹੈ। ਵਿਧਾਇਕ ਵਲੋਂ ਵਿਧਾਨ ਸਭਾ ਤੋਂ ਬਾਹਰਲੇ ਕਿਸੇ ਵਿਅਕਤੀ ਜਾਂ ਸਮੂਹ ਦੀ ਥਾਂ 'ਤੇ ਪੇਸ਼ ਕੀਤੇ ਗਏ ਬਿੱਲ ਨੂੰ ਨਿੱਜੀ ਬਿੱਲ ਕਿਹਾ ਜਾਂਦਾ ਹੈ।

ਕਾਨੂੰਨ ਬਣਨ ਤੋਂ ਪਹਿਲਾਂ ਸਾਰੇ ਬਿੱਲਾਂ ਦੀਆਂ ਤਿੰਨ "ਪੜ੍ਹਤਾਂ" (ਰੀਡਿੰਗ) ਹੋਣੀਆਂ ਅਤੇ ਪੂਰੇ ਸਦਨ ਦੀ ਕਮੇਟੀ ਦੁਆਰਾ ਡੂੰਘਾਈ ਨਾਲ ਅਧਿਐਨ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ। ਜ਼ਰੂਰੀ ਮਾਮਲਿਆਂ ਨੂੰ ਛੱਡ ਕੇ, ਇਹ ਪੜਾਅ ਵੱਖ-ਵੱਖ ਦਿਨਾਂ ਵਿੱਚ ਵਾਪਰਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਧਾਇਕਾਂ ਅਤੇ ਜਨਤਾ ਦੇ ਮੈਂਬਰਾਂ ਕੋਲ ਹਰੇਕ ਬਿੱਲ ਦੀ ਜਾਂਚ ਕਰਨ ਅਤੇ ਤਬਦੀਲੀਆਂ ਜਾਂ ਸੁਧਾਰਾਂ ਦਾ ਸੁਝਾਅ ਦੇਣ ਦਾ ਸਮਾਂ ਅਤੇ ਮੌਕਾ ਹੋਵੇ।

### ਪਹਿਲੀ ਰੀਡਿੰਗ

ਪਹਿਲੀ ਰੀਡਿੰਗ ਵਿੱਚ, ਬਿੱਲ ਦੇ ਸਰਪ੍ਰਸਤ ਵੱਲੋਂ ਪ੍ਰਸਤਾਵਿਤ ਬਿੱਲ ਪੇਸ਼ ਕੀਤਾ ਜਾਂਦਾ ਹੈ ਅਤੇ ਇਸ ਦੇ ਮਕਸਦ ਦਾ ਵਰਣਨ ਕੀਤਾ ਜਾਂਦਾ ਹੈ। ਵਿਧਾਇਕ ਇਸ ਸਮੇਂ ਬਿੱਲ ਦੇ ਗੁਣਾਂ ਬਾਰੇ ਚਰਚਾ ਨਹੀਂ ਕਰਦੇ, ਪਰ ਸਿਰਫ਼ ਇਸ ਬਾਰੇ ਵੋਟ ਕਰਦੇ ਹਨ ਕਿ ਭਵਿੱਖ ਦੀ ਬਹਿਸ ਲਈ ਕੀ ਇਸ ਬਿੱਲ ਨੂੰ ਸਵੀਕਾਰ ਵੀ ਕਰਨਾ ਹੈ ਜਾਂ ਨਹੀਂ। ਜੇ ਉਹ ਹਾਂ ਵਿੱਚ ਵੋਟ ਪਾਉਂਦੇ ਹਨ, ਤਾਂ ਬਿੱਲ ਨੂੰ ਦੂਜੀ ਰੀਡਿੰਗ ਵਾਸਤੇ ਤੈਅ ਕੀਤਾ ਜਾਂਦਾ ਹੈ – ਤਾਂ ਜੋ ਵਿਧਾਇਕਾਂ ਨੂੰ ਇਸ ਦਾ ਅਧਿਐਨ ਕਰਨ ਲਈ ਸਮਾਂ ਦਿੱਤਾ ਜਾ ਸਕੇ।

### ਦੂਜੀ ਰੀਡਿੰਗਗ

ਦੂਜੀ ਰੀਡਿੰਗ ਦੌਰਾਨ, ਵਿਧਾਇਕ ਬਿੱਲ ਦੇ ਆਮ ਸਿਧਾਂਤਾਂ ਅਤੇ ਟੀਚਿਆਂ 'ਤੇ ਬਹਿਸ ਕਰਦੇ ਹਨ। ਬਹਿਸ ਤੋਂ ਬਾਅਦ, ਉਹ ਇਸ ਬਾਰੇ ਵੋਟ ਦਿੰਦੇ ਹਨ ਕਿ ਕੀ ਬਿੱਲ ਅਗਲੇ ਕਦਮ ਵੱਲ ਵਧੇਗਾ: ਪੂਰੇ ਸਦਨ ਦੀ ਕਮੇਟੀ ਵੱਲੋਂ ਅਧਿਐਨ।

### ਪੂਰੇ ਸਦਨ ਦੀ ਕਮੇਟੀ

ਸਾਰੇ ਵਿਧਾਇਕ ਪੂਰੇ ਸਦਨ ਦੀ ਕਮੇਟੀ ਦੇ ਮੈਂਬਰ ਹਨ, ਜੋ ਬਿੱਲ ਦੇ ਹਰੇਕ ਸੈਕਸ਼ਨ ਦੀ ਜਾਂਚ ਕਰਨ ਲਈ ਜ਼ਿੰਮੇਵਾਰ ਹਨ। ਕਮੇਟੀ ਮੈਂਬਰ ਹਰ ਸੈਕਸ਼ਨ ਦੇ ਅਰਥ ਅਤੇ ਮਕਸਦ ਬਾਰੇ ਬਿੱਲ ਦੇ ਸਰਪ੍ਰਸਤ ਨੂੰ ਵਿਸਥਾਰਤ ਸਵਾਲ ਪੁੱਛ ਸਕਦੇ ਹਨ। ਕਮੇਟੀ ਬਿੱਲ ਵਿੱਚ ਸੋਧ ਕਰਨ ਦਾ ਫੈਸਲਾ ਵੀ ਕਰ ਸਕਦੀ ਹੈ। ਬਿੱਲ 'ਤੇ ਨਿਰਭਰ ਕਰਨ ਅਨੁਸਾਰ, ਕਮੇਟੀ ਦਾ ਪੜਾਅ ਕੁਝ ਦਿਨਾਂ ਤੋਂ ਕਈ ਹਫਤਿਆਂ ਤਕ ਦਾ ਸਮਾਂ ਲੈ ਸਕਦਾ ਹੈ।

ਜਦੋਂ ਪੂਰੇ ਸਦਨ ਦੀ ਕਮੇਟੀ ਆਪਣੀ ਬਹਿਸ ਪੂਰੀ ਕਰ ਲੈਂਦੀ ਹੈ ਅਤੇ ਕੋਈ ਵੀ ਸੋਧਾਂ ਪਾਸ ਕਰ ਦਿੱਤੀਆਂ ਜਾਂਦੀਆਂ ਹਨ, ਉਦੋਂ ਵਿਧਾਇਕ ਬਿੱਲ ਨੂੰ ਸਦਨ ਵਿਚ ਵਾਪਸ "ਰਿਪੋਰਟ" ਕਰਨ ਲਈ ਵੋਟ ਪਾਉਂਦੇ ਹਨ।

ਇੱਕ ਵਾਰੀ ਅਜਿਹਾ ਕਰਨ ਤੋਂ ਬਾਅਦ, ਬਿੱਲ ਵਿੱਚ ਉਦੋਂ ਤਕ ਹੋਰ ਕੋਈ ਤਬਦੀਲੀਆਂ ਨਹੀਂ ਕੀਤੀਆਂ ਜਾ ਸਕਦੀਆਂ ਜਦੋਂ ਤਕ ਸਦਨ ਬਿੱਲ ਨੂੰ ਦੂਜੀ ਸਮੀਖਿਆ ਵਾਸਤੇ ਕਮੇਟੀ ਨੂੰ ਵਾਪਸ ਭੇਜਣ ਲਈ ਵੋਟ ਨਹੀਂ ਦਿੰਦਾ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ।

## ਤੀਜੀ ਰੀਡਿੰਗ

ਤੀਜੀ ਪੜ੍ਹਤ ਦੌਰਾਨ, ਵਿਧਾਇਕ ਅੰਤਿਮ ਵੋਟਿੰਗ ਕਰਨ ਤੋਂ ਪਹਿਲਾਂ ਇੱਕ ਵਾਰੀ ਫਿਰ ਬਿੱਲ 'ਤੇ ਬਹਿਸ ਕਰਨ ਦੀ ਚੋਣ ਕਰ ਸਕਦੇ ਹਨ। ਜੇ ਬਿੱਲ ਤੀਜੀ ਰੀਡਿੰਗ ਵਿੱਚੋਂ ਪਾਸ ਹੋ ਜਾਂਦਾ ਹੈ ਤਾਂ ਸਪੀਕਰ ਵੱਲੋਂ ਇਸ ਨੂੰ ਐਕਟ ਵਜੋਂ ਐਲਾਨ ਕਰ ਦਿੱਤਾ ਜਾਵੇਗਾ।

## ਸ਼ਾਹੀ ਪ੍ਰਵਾਨਗੀ

ਨਵੇਂ ਐਕਟ ਨੂੰ ਸ਼ਾਹੀ ਪ੍ਰਵਾਨਗੀ (ਮਹਾਰਾਣੀ ਦੀ ਅਧਿਕਾਰਤ ਮਨਜ਼ੂਰੀ) ਦੇਣ ਲਈ ਲੈਫਟੀਨੈਂਟ ਗਵਰਨਰ ਵਿਧਾਨ ਸਭਾ ਚੈਂਬਰ ਵਿੱਚ ਆਉਂਦੇ ਹਨ। ਇੰਞ ਬਿੱਲ ਦੇ ਰੂਪ ਵਿੱਚ ਸ਼ੁਰੂ ਹੋਈ ਗੱਲ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਕਾਨੂੰਨ ਬਣ ਜਾਂਦੀ ਹੈ।

## ਘੋਸ਼ਣਾ

ਜ਼ਿਆਦਾਤਰ ਐਕਟ ਸ਼ਾਹੀ ਪ੍ਰਵਾਨਗੀ ਦੇ ਤੁਰੰਤ ਬਾਅਦ ਲਾਗੂ ਹੋ ਜਾਂਦੇ ਹਨ। ਪਰ, ਹੋਰਨਾਂ ਵਿੱਚ ਘੋਸ਼ਣਾ ਸੰਬੰਧੀ ਇੱਕ ਵਿਸ਼ੇਸ਼ ਸੈਕਸ਼ਨ ਹੁੰਦਾ ਹੈ ਜੋ ਐਕਟ ਦੇ ਲਾਗੂ ਹੋਣ ਦੀ ਇੱਕ ਵੱਖਰੀ ਮਿਤੀ ਤੈਅ ਕਰਦਾ ਹੈ। ਇਸ ਨਾਲ ਕਾਨੂੰਨ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਨੂੰ ਤਬਦੀਲੀ ਲਈ ਤਿਆਰੀ ਕਰਨ ਵਾਸਤੇ ਵਧੇਰੇ ਸਮਾਂ ਮਿਲਦਾ ਹੈ।

### ਕੀ ਤੁਸੀਂ ਜਾਣਦੇ ਹੋ...

*ਸੰਨ 1898 ਵਿੱਚ, ਜਿਸ ਸਾਲ ਮੌਜੂਦਾ ਸੰਸਦ ਭਵਨ ਖੋਲ੍ਹੇ ਗਏ, 80 ਬਿੱਲ ਪੇਸ਼ ਕੀਤੇ ਗਏ ਅਤੇ 65 ਪਾਸ ਹੋਏ।*

*ਬਿੱਲ 52, ਫ੍ਰੈਂਚਾਇਜ਼ ਐਕਸਟੈਂਸ਼ਨ ਐਕਟ, 1898 - ਜਿਸ ਨੇ ਔਰਤਾਂ ਨੂੰ ਸੂਬਾਈ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਦੇਣ ਦਾ ਪ੍ਰਸਤਾਵ ਰੱਖਿਆ ਸੀ - ਉਨ੍ਹਾਂ 15 ਬਿਲਾਂ ਵਿੱਚੋਂ ਇੱਕ ਸੀ ਜੋ ਕਾਨੂੰਨ ਨਹੀਂ ਬਣੇ ਸਨ।*

# ਵਿਧਾਨ ਸਭਾ ਦਾ ਦੌਰਾ ਕਰਨਾ

**ਅਸੀਂ ਮੁਲਾਕਾਤੀਆਂ ਦਾ ਸਵਾਗਤ ਕਰਦੇ ਹਾਂ।**

ਬ੍ਰਿਟਿਸ਼ ਕੋਲੰਬੀਆ ਦੀਆਂ ਪਾਰਲੀਮੈਂਟ ਇਮਾਰਤਾਂ ਦੀਆਂ ਮੁਫ਼ਤ ਯਾਤਰਾਵਾਂ ਸਾਰੇ ਸਾਲ ਵਿੱਚ ਸੋਮਵਾਰ ਤੋਂ ਸ਼ੁੱਕਰਵਾਰ ਤਕ, ਅਤੇ ਗਰਮੀਆਂ ਦੇ ਮਹੀਨਿਆਂ ਵਿੱਚ ਹਫ਼ਤੇ ਦੇ ਸੱਤੇ ਦਿਨ ਉਪਲਬਧ ਹਨ।

ਜਦੋਂ ਸਦਨ ਦੀ ਸਭਾ ਚਲਦੀ ਹੋਵੇ, ਉਦੋਂ ਵਿਧਾਇਕਾਂ ਨੂੰ ਕੰਮ ਕਰਦੇ ਹੋਏ ਦੇਖਣ ਵਾਸਤੇ ਆਉਣ ਵਾਲੇ ਲੋਕਾਂ ਦਾ ਵਿਧਾਨ ਸਭਾ ਦੀਆਂ ਜਨਤਕ ਗੈਲਰੀਆਂ ਵਿੱਚ ਸੁਆਗਤ ਹੁੰਦਾ ਹੈ। ਕਿਰਪਾ ਕਰਕੇ ਨੋਟ ਕਰੋ ਕਿ ਪ੍ਰਸ਼ਨ ਕਾਲ – ਹਰ ਸੋਮਵਾਰ ਤੋਂ ਵੀਰਵਾਰ ਤੱਕ 30 ਮਿੰਟਾਂ ਦੀ ਮਿਆਦ ਜਦੋਂ ਵਿਧਾਇਕ ਸਰਕਾਰੀ ਗਤੀਵਿਧੀਆਂ ਬਾਰੇ ਸਵਾਲ ਪੁੱਛਦੇ ਹਨ – ਦੌਰਾਨ ਗੈਲਰੀਆਂ ਅਕਸਰ ਭਰੀਆਂ ਹੋਈਆਂ ਹੁੰਦੀਆਂ ਹਨ।

ਹੋਰ ਵੇਰਵਿਆਂ ਲਈ www.leg.bc.ca ਦੇਖੋ ਜਾਂ ਸੰਪਰਕ ਕਰੋ:

Parliamentary Education Office
Parliament Buildings
Victoria BC  V8V 1X4
250.387.8669
PEO@leg.bc.ca

ਸੰਸਦ ਭਵਨਾਂ ਦਾ ਦੌਰਾ ਕਰਨ ਲਈ, ਜਾਓ

To visit the Parliament Buildings, go to
www.leg.bc.ca/tours or contact:
Parliamentary Tour Program
Parliament Buildings
Victoria BC  V8V 1X4
250.387.3046
Tours@leg.bc.ca

LEGISLATIVE ASSEMBLY
*of* BRITISH COLUMBIA

**www.leg.bc.ca**

LegislativeAssemblyBC

BCLegislature

MARCH 2021